WCB FACTS 2019

# ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੀਆਂ ਦਾ ਹਿਸਾਬ

**WCB ਮੇਰੀ ਆਮਦਨੀ ਦੀ ਹਾਨੀ ਦਾ ਹਿਸਾਬ ਕਿਵੇਂ ਕਰਦਾ ਹੈ?**

ਤੁਹਾਡੀ ਮਜ਼ਦੂਰੀ ਦੀ ਹਾਨੀ ਦਾ ਹਿਸਾਬ ਤਿੰਨ ਕਦਮਾਂ ਵਿੱਚ ਪੂਰਾ ਕੀਤਾ ਜਾਂਦਾ ਹੈ:

**ਕਦਮ 1:**

ਤੁਹਾਡੀ ਸੱਟ ਲੱਗਣ ਦੀ ਮਿਤੀ ਤੋਂ ਪਹਿਲਾਂ ਤੁਹਾਡੀ ਹਫਤਾਵਾਰ ਕੁੱਲ ਕਮਾਈਆਂ ਨੂੰ ਉਹਨਾਂ ਕਮਾਈਆਂ 'ਤੇ ਸੰਭਾਵੀ ਕਮਾਈਆਂ ਲਾਗੂ ਕਰਕੇ ਹਫਤਾਵਾਰ ਸ਼ੁੱਧ ਆਮਦਨੀਆਂ ਵਿੱਚ ਬਦਲਿਆ ਜਾਂਦਾ ਹੈ। ਸੰਭਾਵੀ ਕਟੌਤੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:

- ਰੁਜ਼ਗਾਰ ਅਤੇ ਰੁਜ਼ਗਾਰ ਬੀਮਾ (EI) ਦੇ ਫਾਇਦੀਆਂ ਤੋਂ ਤੁਹਾਡੀ ਆਮਦਨੀ ਦਾ ਹਿਸਾਬ ਕਰਦੇ ਹੋਏ ਇਨਕਮ ਟੈਕਸ, ਅਤੇ ਤੁਹਾਡੇ ਬੁਨਿਆਦੀ ਨਿੱਜੀ ਕਰ ਕ੍ਰੈਡਿਟ ਜਾਂ ਛੋਟ, ਅਤੇ ਜਿੱਥੇ ਲਾਗੂ ਹੋਵੇ। *ਇਨਕਮ ਟੈਕਸ ਐਕਟ (Income Tax Act)* ਦੇ ਅਧੀਨ ਇੱਕ ਨਿਰਭਰ ਵਿਅਕਤੀ ਲਈ ਟੈਕਸ ਕ੍ਰੈਡਿਟ ਜਾਂ ਛੋਟ ਜੋ ਸੱਟ ਲੱਗਣ ਦੀ ਮਿਤੀ ਤੋਂ ਲਾਗੂ ਹੈ
- ਜੇ ਤੁਸੀਂ ਚਾਈਲਡ ਕੇਅਰ ਖਰਚਿਆਂ, ਚਾਈਲਡ ਸਪੋਰਟ ਪੇਮੈਂਟ ਅਤੇ/ਜਾਂ ਸਪਾਊਜ਼ਲ ਸਪੋਰਟ ਪੇਮੈਂਟ ਲਈ ਟੈਕਸ ਕਟੌਤੀਆਂ ਦਾ ਦਾਅਵਾ ਕਰਨ ਦੇ ਯੋਗ ਹੋ, ਉਹ ਤੁਹਾਡੇ ਮੁਮਕਿਨ ਇਨਕਮ ਟੈਕਸ ਦੇ ਹਿਸਾਬ ਕਰਨ ਵਿੱਚ ਵਰਤਿਆ ਜਾਏਗਾ; ਇਹ ਜਾਣਕਾਰੀ ਤੁਹਾਡੇ ਫਾਇਦੀਆਂ ਦਾ ਹਿਸਾਬ ਲਗਾਉਣ ਲਈ ਜ਼ਰੂਰੀ ਹੈ ਅਤੇ ਤੁਹਾਡੀ ਕੈਨੇਡਾ ਰੇਵਿਨਿਊ ਏਜੰਸੀ (CRA) ਨੂੰ ਦਿੱਤੀ ਜਾਣਕਾਰੀ ਦੀ ਰਿਪੋਰਟ ਨਾਲ ਸਹਿਮਤ ਹੋਣਾ ਜ਼ਰੂਰੀ ਹੈ।
- ਕੈਨੇਡਾ ਪੈਨਸ਼ਨ ਪਲਾਨ (CPP) ਯੋਗਦਾਨ
- ਰੁਜ਼ਗਾਰ ਬੀਮਾ (EI) ਪ੍ਰੀਮੀਅਮ
- ਨਿਯਮਾਂ ਵਿੱਚ WCB ਦੁਆਰਾ ਨਿਰਧਾਰਿਤ ਕੀਤੀਆਂ ਕੋਈ ਹੋਰ ਕਟੌਤੀਆਂ

**ਧਿਆਨ ਦਿਓ**: ਇਹ ਬੁਨਿਆਦੀ ਕਟੌਤੀਆਂ ਤੁਹਾਡੀ ਨੈੱਟ ਆਮਦਨੀ ਨੂੰ ਸਥਾਪਿਤ ਕਰਨ ਲਈ ਹੀ ਪ੍ਰਯੋਗ ਹੁੰਦੀਆਂ ਹਨ| ਇਨਕਮ ਟੈਕਸ CPP ਯੋਗਦਾਨ ਜਾਂ EI ਪ੍ਰੀਮੀਅਮਾਂ ਲਈ ਕੋਈ ਅਸਲ ਵਿੱਚ ਕੋਈ ਵੰਡ ਨਹੀਂ ਕੀਤੀ ਗਈ ਹੈ।

**ਕਦਮ 2:**

ਉਸ ਤੋਂ ਬਾਅਦ ਤੁਹਾਡੀ ਸ਼ੁੱਧ ਹਫਤਾਵਾਰ ਕਮਾਈਆਂ ਦੀ ਰਕਮ ਨੂੰ ਤੁਹਾਡੀ ਹਫਤਾਵਾਰ ਮਜ਼ਦੂਰੀ ਦੀ ਹਾਨੀ ਦਾ ਹਿਸਾਬ ਲਗਾਉਣ ਲਈ ਵਰਤਿਆ ਜਾਂਦਾ ਹੈ।

ਵਰਕਰਜ਼ ਕਮਪਨਸੇਸ਼ਨ ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੇ ਹੇਠਾਂ ਦਿੱਤਿਆਂ ਵਿੱਚੋਂ ਜੋ ਵੱਧ ਹੈ ਉਸ 'ਤੇ ਅਧਾਰਤ ਹੁੰਦੇ ਹਨ:

- ਤੁਹਾਡੀ ਨੈੱਟ ਲਾਸ ਆਮਦਨੀ ਦਾ 90%, ਜਾਂ
- ਜੇ ਤੁਹਾਡੀ ਅਸਲੀ ਆਮਦਨੀ ਸੱਟ ਲੱਗਣ ਦੇ ਸਮੇਂ ਤੋਂ ਪਹਿਲਾਂ WCB ਦੁਆਰਾ ਸੱਟ ਲੱਗਣ ਵਾਲੀ ਮਿਤੀ ਤੋਂ ਪ੍ਰਭਾਵਿਤ ਸਥਾਪਿਤ ਕੀਤੀ ਸਲਾਨਾ ਨਿਉਨਤਮ ਆਮਦਨੀ ਤੋਂ ਘੱਟ ਜਾਂ ਬਰਾਬਰ ਹੈ ਤਾਂ ਤੁਹਾਡੀ ਨੈੱਟ ਲਾਸ ਆਮਦਨੀ ਦਾ 100% ਜਾਂ
- ਜੇ ਤੁਹਾਡੀ ਅਸਲੀ ਆਮਦਨੀ ਸੱਟ ਲੱਗਣ ਦੇ ਸਮੇਂ ਤੋਂ ਪਹਿਲਾਂ WCB ਦੁਆਰਾ ਸੱਟ ਲੱਗਣ ਵਾਲੀ ਮਿਤੀ ਤੋਂ ਪ੍ਰਭਾਵਿਤ ਸਥਾਪਿਤ ਕੀਤੀ ਸਲਾਨਾ ਨਿਉਨਤਮ ਆਮਦਨੀ ਤੋਂ ਜਿਆਦਾ ਹੈ, ਪਰ ਤੁਹਾਨੂੰ ਦਿੱਤੀ ਗਈ ਨਿਉਨਤਮ ਸਾਲਾਨਾ ਆਮਦਨੀ ਨਾਲ ਇੱਕ ਵੱਡਾ ਫਾਇਦਾ ਮਿਲਦਾ ਹੈ ਤਾਂ ਤੁਹਾਡੀ ਨਿਉਨਤਮ ਸਾਲਾਨਾ ਆਮਦਨੀ ਦਾ 100%।

1 ਅਕਤੂਬਰ, 2018 ਤੋਂ ਪ੍ਰਭਾਵੀ ਨਿਊਨਤਮ ਸਲਾਨਾ ਮਜ਼ਦੂਰੀ $23,608 ਹੈ ਅਤੇ 1 ਜਨਵਰੀ 2019 ਨੂੰ ਇਸ ਵਿੱਚ ਕੋਈ ਤਬਦੀਲੀ ਨਹੀ ਹੋਈ ਹੈ।

ਨਿਯਮਿਤ ਕਾਮਿਆਂ ਲਈ ਕੋਈ ਅਧਿਕਤਮ ਬੀਮਾ ਯੋਗ ਆਮਦਨੀਆਂ ਦੀ ਸੀਮਾ ਨਹੀਂ ਹੈ।

**ਕਦਮ 3:**

ਉਸ ਤੋਂ ਬਾਅਦ ਹਫਤਾਵਾਰ ਮਜ਼ਦੂਰੀ ਦੀ ਹਾਨੀ ਦੀ ਰਕਮ 'ਤੇ ਸੰਭਾਵੀ ਇਨਕਮ ਟੈਕਸ ਛੂਟਾਂ ਲਾਗੂ ਕੀਤੀਆਂ ਜਾਂਦੀਆਂ ਹਨ ਤਾਂ ਜੋ ਤੁਹਾਡੀ ਅਸਲ ਹਫਤਾਵਾਰ ਫਾਇਦੇ ਦੀ ਦਰ ਕੱਢੀ ਜਾ ਸਕੇ।

ਤੁਹਾਡੀ ਆਮਦਨੀ ਦੀ ਹਾਨੀ ਸ਼ਮਤਾ ਦਾ ਹਿਸਾਬ ਕਰਦੇ ਹੋਏ, WCB ਤੁਹਾਡੇ ਉਸ ਸਾਲ ਦੌਰਾਨ ਪ੍ਰਾਪਤ ਕੀਤੇ ਮਜ਼ਦੂਰੀ ਦੀ ਹਾਨੀ ਤੇ ਮਿਲਣ ਸਕਣ ਵਾਲੇ ਫਾਇਦੀਆਂ ਦੇ ਸਮੇਂ ਦੀ ਲੰਬਾਈ ਅਤੇ ਨਤੀਜੇ ਦੇ ਤੌਰ ਤੇ ਤੁਹਾਨੂੰ ਪ੍ਰਾਪਤ ਹੋਏ ਇਨਕਮ ਟੈਕਸ, CPP ਯੋਗਦਾਨ ਜਾਂ EI ਪ੍ਰੀਮੀਅਮ ਕਿੰਨਾਂ ਘੱਟ ਹੈ, ਇਸ ਵੱਲ ਵੀ ਧਿਆਨ ਦਿੰਦੀ ਹੈ।

ਇਸਨੂੰ ਧਿਆਨ ਵਿੱਚ ਰੱਖਣ ਦਾ ਕਾਰਨ ਹੈ ਕਿ ਕਿਸੇ ਵਿਅਕਤੀ ਦੇ ਟੈਕਸ ਪ੍ਰਗਤੀਸ਼ੀਲ ਰੇਟਸ ਉੱਪਰ ਅਧਾਰਿਤ ਹੁੰਦੇ ਹਨ। ਜੇ ਤੁਹਾਡੀ ਸਾਲਾਨਾ ਇਨਕਮ ਟੈਕਸੇਬਲ ਇਨਕਮ ਅਤੇ ਟੈਕਸ ਫ੍ਰੀ ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੀਆਂ ਦਾ ਯੋਗ ਹੈ, ਤਾਂ ਟੈਕਸੇਬਲ ਰੁਜ਼ਗਾਰ ਇਨਕਮ ਸਾਰੇ ਸਾਲ ਦੀ ਟੈਕਸੇਬਲ ਇਨਕਮ ਦੇ ਜੋੜ ਦੀ ਤੁਲਨਾ

ਵਿੱਚ ਇੱਕ ਘੱਟ ਟੈਕਸ ਦੀ ਦਰ ਦੇ ਅਧੀਨ ਹੋਵੇਗੀ। ਤੁਹਾਡੀ ਆਮਦਨ ਦੀ ਹਾਨੀ ਦੀ ਸ਼ਮਤਾ ਦਾ ਦੁਬਾਰਾ ਹਿਸਾਬ ਉਹਨਾਂ ਵਿਚਾਰਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ। ਅਸੀਂ ਇਹ ਟੈਕਸ ਐਡਜਸਟਮੈਂਟ ਧਿਆਨ ਵਿੱਚ ਉਦੋਂ ਲਿਆਉਂਦੇ ਹਾਂ ਜਦੋਂ ਤੁਹਾਡੀ ਆਮਦਨੀ ਦੀ ਹਾਨੀ ਦੀ ਸ਼ਮਤਾ ਦਾ ਹਿਸਾਬ ਕਰਦੇ ਹਾਂ। ਇਸਨੂੰ ਸ਼ੈਲਟਰਿੰਗ ਦੀ ਐਡਜਸਟਮੈਂਟ ਕਿਹਾ ਜਾਂਦਾ ਹੈ।

ਤੁਹਾਡੀ ਆਮਦਨੀ ਦੀ ਸ਼ਮਤਾ ਦੀ ਹਾਨੀ ਦੀ ਕਿਸੇ ਕਮੀ ਵਿੱਚ ਸ਼ੈਲਟਰਿੰਗ ਦੇ ਨਤੀਜੇ। ਅਸਦੇ ਕਾਰਨ ਤੁਹਾਡੇ ਹਫਤਾਵਾਰ ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੇ ਵੀ ਘੱਟ ਜਾਂਦੇ ਹਨ। ਇਹ ਤੁਹਾਡੀ ਆਮਦਨੀ ਦੀ ਹਾਨੀ ਦੀ ਸ਼ਮਤਾ ਦਾ ਇੱਕ ਜ਼ਿਆਦਾ ਨੇੜਲਾ ਆਭਾਸ ਹੈ।

**ਤੁਸੀਂ ਮੁਮਕਿਨ ਇਨਕਮ ਟੈਕਸ ਦੀ ਰਾਸ਼ੀ ਤੱਕ ਕਿਵੇਂ ਪਹੁੰਚਦੇ ਹੋ?**

ਹੇਠਲੇ ਟੈਕਸ ਕ੍ਰੈਡਿਟ ਅਤੇ ਕਟੌਤੀ ਰਾਸ਼ੀਆਂ ਸਾਡੇ ਹਿਸਾਬ ਵਿੱਚ ਵਰਤਿਆਂ ਗਈਆਂ ਹਨ:

- ਬੁਨਿਆਦੀ ਨਿੱਜੀ ਰਾਸ਼ੀ
- ਜੀਵਨ-ਸਾਥੀ ਜਾਂ ਆਮ ਕਨੂੰਨੀ ਭਾਗੀਦਾਰ ਦੀ ਰਾਸ਼ੀ (ਜੇ ਕੰਮ ਨਹੀਂ ਕਰ ਰਿਹਾ)
- ਇੱਕ ਯੋਗ ਆਸ਼ਰਤ ਲਈ ਰਾਸ਼ੀ (ਜੇ ਤੁਸੀਂ ਇੱਕ ਆਸ਼ਰਤ ਨਾਲ ਰਹਿ ਰਹੇ ਹੋ)
- 18 ਸਾਲ ਤੋਂ ਘੱਟ ਉਮਰ ਵਾਲੇ ਕਮਜੋਰ ਆਸ਼ਰਤ ਲਈ ਰਾਸ਼ੀ।

ਜੇ ਤੁਸੀਂ ਵਰਤਮਾਨ ਸਾਲ ਦੇ ਇਨਕਮ ਟੈਕਸ ਰਿਟਰਨ ਵਿੱਚ ਨਿੱਜੀ ਤੌਰ ਤੇ ਇਹਨਾਂ ਦਾ ਦਾਅਵਾ ਕਰਨ ਲਈ ਯੋਗ ਹੋ ਤਾਂ ਹੇਠਲੀਆਂ ਟੈਕਸ ਕਟੌਤੀਆਂ ਵੀ ਸਾਡੇ ਹਿਸਾਬਾਂ ਵਿੱਚ ਵਰਤਿਆਂ ਗਈਆਂ ਹਨ।

- ਚਾਈਲਡ ਕੇਅਰ ਖਰਚੇ
- ਚਾਈਲਡ ਸਹਿਯੋਗ ਪੇਮੈਂਟ
- ਸਪਾਊਜ਼ਲ ਸਹਿਯੋਗ ਪੇਮੈਂਟ

ਕਿਰਪਾ ਕਰਕੇ ਹੇਠ ਲਿਖੇ ਨੂੰ ਨੋਟ ਕਰੋ:

ਜਿਹੜਾ ਕੋਡ ਤੁਸੀਂ ਆਪਣੇ TD1 ਫਾਰਮ ਤੇ ਪ੍ਰਯੋਗ ਕਰਦੇ ਹੋ ਉਹ ਟੈਕਸ ਕ੍ਰੈਡਿਟ ਦੀ ਰਿਪੋਰਟ ਦੇ ਅਧਾਰ ਵਜੋਂ ਵਰਤੋਂ ਨਹੀਂ ਕੀਤਾ ਜਾ ਸਕਦਾ।

ਭਾਵੇਂ ਤੁਹਾਡਾ ਸਟੇਟਸ ਬਦਲਦਾ ਵੀ ਹੈ ਤਾਂ ਵੀ ਸੱਟ ਲੱਗਣ ਦੀ ਮਿਤੀ ਤੱਕ ਟੈਕਸ ਕ੍ਰੈਡਿਟ ਅਤੇ/ਜਾਂ ਟੈਕਸ ਕਟੌਤੀਆਂ ਪਹਿਲੇ ਦੋ ਸਾਲ ਲਈ ਰਹਿਣਗੇ।

ਜੇ ਦਾਅਵੇ ਦੀ ਮੰਜੂਰੀ ਸਮੇਂ ਤੁਹਾਡੀ ਜਾਣਕਾਰੀ ਮੌਜੂਦ ਨਹੀਂ ਹੈ ਤਾਂ ਇਸ ਵਿੱਚ ਇੱਕ ਛੋਟ ਹੈ। ਤੁਹਾਡੀ ਕੈਲਕੁਲੇਸ਼ਨ "ਕਿਸੇ ਆਸ਼ਰਤ ਦੇ ਬਿਨਾਂ ਇੱਕ ਸਿੰਗਲ" ਤੇ ਉਦੋਂ ਤੱਕ ਅਧਾਰਤ ਹੋਣਗੀਆਂ ਜਦੋਂ ਤੱਕ ਜਾਣਕਾਰੀ ਨਹੀਂ ਪ੍ਰਾਪਤ ਕੀਤੀ ਜਾਂਦੀ। ਪੇਮੈਂਟ ਉਸ ਸਮੇਂ ਸੱਟ ਲੱਗਣ ਦੀ ਮਿਤੀ ਦੇ ਪਤੀਗਾਮੀ ਹੋਣ ਤੇ ਸਮਾਯੋਜਿਤ ਕੀਤੇ ਜਾਣਗੇ। ਇਹ ਸੁਨਿਸ਼ਚਿਤ ਕਰਦਾ ਹੈ ਕਿ ਘੱਟ ਜਾਣਕਾਰੀ ਨਾਲ ਇੱਕ ਦਾਅਵੇ ਦੀ ਪੇਮੈਂਟ ਵਿੱਚ ਦੇਰ ਨਹੀਂ ਹੁੰਦੀ ਹੈ।

ਜੇ ਤੁਸੀਂ ਟੈਕਸ ਦੀ ਜਾਣਕਾਰੀ ਦੇਣ ਲਈ ਸਹਿਮਤ ਨਹੀਂ ਹੋ, ਤੁਸੀਂ ਇੱਕ ਸਿੰਗਲ ਦੇ ਵਜੋਂ ਵਰਗੀਕ੍ਰਿਤ ਕੀਤੇ ਜਾਉਗੇ ਅਤੇ ਦੋ ਸਾਲ ਤੱਕ ਕੋਈ ਸਮਾਯੋਜਨ ਨਹੀਂ ਕੀਤਾ ਜਾਏਗਾ।

ਸਪੋਰਟ ਪੇਮੈਂਟ ਆਸ਼ਰਤ ਨੂੰ ਨਿਰਧਾਰਤ ਕਰਨ ਵਿੱਚ ਯੋਗ ਨਹੀਂ ਹਨ। ਹਾਲਾਂਕਿ, ਇਹ ਪੇਮੈਂਟ ਇਨਕਮ ਟੈਕਸ ਦੇ ਹਿਸਾਬ ਅਧੀਨ ਇਨਕਮ ਦੀ ਰਾਸ਼ੀ ਨੂੰ ਘੱਟ ਕਰਨ ਲਈ ਵਰਤਿਆਂ ਜਾਣਗੀਆਂ।

**ਕੀ ਇੱਥੇ ਆਮਦਨੀ ਦੀ ਹਾਨੀ ਦੀ ਸ਼ਮਤਾ ਦੇ ਹਿਸਾਬ ਦੀ ਪ੍ਰਕਿਰਿਆ ਨੂੰ ਪ੍ਰਯੋਗ ਕਰਨ ਲਈ ਕੋਈ ਛੋਟ ਹੈ?**

ਹਾਂ, ਸਿਖਿਆਰਥੀ', 'ਯੁਵਾ ਕਾਰਜਕਰਤਾ' ਅਤੇ 'ਡਿਕਲੇਅਰ ਕਾਰਜਕਰਤਾ' ਲਈ ਛੋਟਾਂ ਹਨ। ਕੁਝ ਮਾਮਲਿਆਂ ਵਿੱਚ, *ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act )* ਸਾਨੂੰ ਭਵਿੱਖ ਵਿੱਚ ਦੇਖਣ ਦੀ ਇਜਾਜ਼ਤ ਦਿੰਦਾ ਹੈ ਤਾਂ ਕਿ ਤੁਹਾਡੀ ਸੰਭਾਵਿਤ ਆਮਦਨੀ ਦੇ ਨੁਕਸਾਨ ਦੀ ਸ਼ਮਤਾ ਦੇ ਅਧਾਰ ਤੇ ਔਸਤ ਆਮਦਨੀ ਨੂੰ ਸਥਾਪਿਤ ਕੀਤਾ ਜਾਵੇ। ਇਹ ਅਪ੍ਰੋਚ ਸਿਰਫ ਕਈ ਮਾਮਲਿਆਂ ਵਿੱਚ ਲਾਗੂ ਕੀਤੀ ਜਾ ਸਕਦੀ ਹੈ ਜੋ ਸਿਖਿਆਰਥੀਆਂ ਅਤੇ ਯੁਵਾ ਕਾਰਜਕਰਤਾਵਾਂ ਲਈ ਮਿਲੇ ਹਨ (ਉਹ ਕੋਈ ਜੋ 28 ਸਾਲ ਤੋਂ ਘੱਟ ਹੈ ਜਿਸਦਾ ਆਮਦਨੀ ਸ਼ਮਤਾ ਦੀ ਹਾਨੀ ਲੰਬੇ ਸਮੇਂ ਲਈ ਰਹਿੰਦੀ ਹੈ)

ਘੋਸ਼ਿਤ ਕਾਰਜਕਰਤਾ ਕੋਈ ਵੀ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ ਹੋ ਸਕਦਾ ਹੈ ਜਿਸਨੂੰ ਸਰਕਾਰ ਦੁਆਰਾ ਕਾਮਾ ਘੋਸ਼ਿਤ ਕੀਤਾ ਗਿਆ ਹੈ ਅਤੇ *ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act )*ਅਧੀਨ ਕਵਰ ਹੁੰਦਾ ਹੈ। ਇਸ ਮਾਮਲੇ ਵਿੱਚ ਫਾਇਦੇ ਸੱਟ ਲੱਗਣ ਦੇ ਸਮੇਂ ਉਦਯੋਗਿਕ ਔਸਤ ਮਜ਼ਦੂਰੀ ਦੇ ਅੱਧ ਤੋਂ ਘੱਟ ਤੇ ਅਧਾਰਤ ਨਹੀਂ ਹੈ।

**ਧਿਆਨ ਦਿਓ**: ਫਾਇਦੀਆਂ ਦੇ ਹਿਸਾਬ ਨਾਲ ਸਬੰਧਿਤ ਸਾਰੇ ਵਰਗ ਜਨਵਰੀ 1, 2006 ਤੇ ਜਾਂ ਬਾਅਦ ਵਿੱਚ ਕੰਮ ਦੀ ਥਾਂ ਤੇ ਲੱਗਣ ਵਾਲੀਆਂ ਸੱਟਾਂ ਅਤੇ ਉਹਨਾਂ ਨਾਲ ਸਬੰਧਤ ਦੁਬਾਰਾ ਲੱਗਣ ਵਾਲੀਆਂ ਸੱਟਾਂ ਤੇ ਲਾਗੂ ਹੁੰਦੇ ਹਨ। 2006 ਦੇ ਪਹਿਲਾਂ ਦੀਆਂ ਸੱਟਾਂ ਅਤੇਉਹਨਾਂ ਨਾਲ ਸਬੰਧਤ ਬਾਅਦ ਵਿੱਚ ਲੱਗਣ ਵਾਲੀਆਂ ਸੱਟਾਂ ਲਈ, ਕਨੂੰਨ, ਪੋਲਿਸਿਆਂ ਅਤੇ ਪ੍ਰਕਿਰਿਆਵਾਂ ਅਨੁਸਾਰ ਭੁਗਤਾਨ ਕਰਨਾ ਜਾਰੀ ਰੱਖਿਆ ਜਾਵੇਗਾ ਜੋ ਪਹਿਲੇ ਬਿਲ 25 – 2005

ਵਿੱਚ ਪਾਸ ਕੀਤੇ ਗਏ *ਵਰਕਰਜ਼ ਕਮਪਨਸੇਸ਼ਨ ਅਮੈਂਡਮੈਂਟ ਐਕਟ (Workers Compensation Amendment Act)* ਵਿੱਚ ਹੈ।

ਫਾਇਦੀਆਂ ਦੇ ਹਿਸਾਬ ਦੀ ਵਧੇਰੀ ਜਾਣਕਾਰੀ ਲਈ, ਕਿਰਪਾ ਕਰ ਕੇ ਆਪਣੇ ਐਡਜੁਕੇਟਰ ਜਾਂ ਕੇਸ ਦੇ ਮੈਨੇਜਰ ਨਾਲ ਸੰਪਰਕ ਕਰੋ।

## ਸੈਂਪਲ ਫਾਇਦੀਆਂ ਦਾ ਹਿਸਾਬ

| ਸਿੰਗਲ, ਕੋਈ ਆਸ਼ਰਿਤ ਨਹੀਂ ਫਾਇਦੇ ਦਾ ਹਿਸਾਬ | | | | |
|---|---|---|---|---|
| **ਹਫਤਾਵਾਰੀ ਕੁੱਲ ਮਜ਼ਦੂਰੀ** | **ਸਾਲਾਨਾ ਕੁੱਲ ਮਜ਼ਦੂਰੀ** | **100% ਨੈੱਟ ਐਕਚੁਅਲ (ਹਫਤਾਵਾਰੀ)** | **90% ਨੈੱਟ ਸ਼ੈਲਟਰਡ (ਹਫਤਾਵਾਰੀ)** | **100% ਨੈੱਟ ਸ਼ੈਲਟਰਡ (ਹਫਤਾਵਾਰੀ)** |
| $ 150.00 | $ 7,800.00 | $ 143.42 | ਲਾਗੂ ਨਹੀਂ ਹੁੰਦਾ | $ 142.59 |
| $ 200.00 | $ 10,400.00 | $ 190.11 | ਲਾਗੂ ਨਹੀਂ ਹੁੰਦਾ | $ 189.28 |
| $ 440.00 | $ 22,880.00 | $ 360.93 | ਲਾਗੂ ਨਹੀਂ ਹੁੰਦਾ | $ 345.85 |
| $ 600.00 | $ 31,200.00 | $ 471.79 | $ 412.00 | |
| $ 900.00 | $ 46,800.00 | $ 673.86 | $ 591.03 | |
| $ 1,200.00 | $ 62,400.00 | $ 866.52 | $ 758.30 | |

*ਨਿਊਨਤਮ ਸਾਲਾਨਾ ਆਮਦਨੀ ਤੇ ਅਧਾਰਤ

| ਵਿਆਹੇ, ਜੀਵਨ-ਸਾਥੀ ਕੰਮ ਨਹੀਂ ਕਰਦਾ, ਦੋ ਆਸ਼ਰਿਤ | | | | |
|---|---|---|---|---|
| ਕੁੱਲ ਹਫਤਾਵਾਰੀ ਤਨਖਾਹ | ਕੁੱਲ ਸਾਲਾਨਾ ਤਨਖਾਹ | 100% ਨੈੱਟ ਐਕਚੁਅਲ (ਹਫਤਾਵਾਰੀ) | 90% ਨੈੱਟ ਸ਼ੈਲਟਰਡ (ਹਫਤਾਵਾਰੀ) | 100% ਨੈੱਟ ਸ਼ੈਲਟਰਡ (ਹਫਤਾਵਾਰੀ) |
| $ 150.00 | $ 7,800.00 | $ 143.42 | ਲਾਗੂ ਨਹੀਂ ਹੁੰਦਾ | $ 142.59 |
| $ 200.00 | $ 10,400.00 | $ 190.11 | ਲਾਗੂ ਨਹੀਂ ਹੁੰਦਾ | $ 189.28 |
| $ 440.00 | $ 22,880.00 | $ 414.25 | ਲਾਗੂ ਨਹੀਂ ਹੁੰਦਾ | $ 413.42 |
| $ 600.00 | $ 31,200.00 | $ 539.01 | $ 467.71 | ਲਾਗੂ ਨਹੀਂ ਹੁੰਦਾ |
| $ 900.00 | $ 46,800.00 | $ 738.16 | $ 632.47 | ਲਾਗੂ ਨਹੀਂ ਹੁੰਦਾ |
| $ 1,200.00 | $ 62,400.00 | $ 927.90 | $ 797.10 | ਲਾਗੂ ਨਹੀਂ ਹੁੰਦਾ |

*ਨਿਊਨਤਮ ਸਾਲਾਨਾ ਆਮਦਨੀ ਤੇ ਅਧਾਰਤ

ਇਹ ਬਹੁਤ ਜਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਵਰਕਰਜ਼ ਕਮਪਨਸੇਸ਼ਨ ਬੋਰਡ ਨੂੰ ਟੈਕਸ ਜਾਣਕਾਰੀ ਦੀ ਸਹੀ ਰਿਪੋਰਟ ਕਰੋ ਕਿਉਂਕਿ ਇਹ ਫਾਇਦੇ ਦੇ ਹਿਸਾਬ ਲਗਾਉਣ ਤੇ ਕਾਫੀ ਫਰਕ ਪਾਉਂਦੇ ਹਨ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ WCB *ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।